File No.DPISE-CORD0CIRC/21/2020-COORDINATION-DPISE

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ. ਸਿ.), ਪੰਜਾਬ, ਐਸ.ਏ.ਐਸ. ਨਗਰ।**

**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ./ਐ. ਸਿ.), ਪੰਜਾਬ।
2. ਸਮੂਹ ਸਕੂਲ ਮੁੱਖੀ, ਸਰਕਾਰੀ, ਪ੍ਰਾਈਵੇਟ ਅਤੇ ਏਡਿਡ ਸਕੂਲ, ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ: DPISE-CORDOCIRC/੨੧/੭੦੨੦੨੬੫।੧੨-੧੩

ਮਿਤੀ: ੨੨/੧੦/੨੦੨੦

**ਵਿਸ਼ਾ:** **Regarding establishment of Electoral Literacy Clubs (ELCs) and promotion of activities of ELCs through Social Media Channels.**

ਮੁੱਖ ਚੋਣ ਅਫਸਰ, ਪੰਜਾਬ ਵੱਲੋ ਹਵਾਲਾ ਅਧੀਨ ਪੱਤਰ **Election-2020/SVEEP/3133 ਮਿਤੀ 14.08.2020** ਰਾਹੀਂ ਵਿਦਿਆਰਥੀਆਂ ਨੂੰ ਚੋਣ ਅਧਿਕਾਰਾਂ ਸਬੰਧੀ ਸੰਵੇਦਨਸ਼ੀਲ ਕਰਨ ਅਤੇ ਚੋਣ ਪ੍ਰਕਿਰਿਆ ਤੋਂ ਜਾਣੂ ਕਰਵਾਉਣ ਲਈ ਸਕੂਲਾਂ ਵਿੱਚ **Electoral Literacy Clubs (ELCs)** ਦਾ ਗਠਨ ਕਰਨ ਲਈ ਕਿਹਾ ਗਿਆ ਹੈ। ਜਿਸ ਤਹਿਤ 14-17 ਸਾਲ ਦੀ ਉਮਰ ਦੇ ਵਿੱਦਿਆਰਥੀਆਂ ਨੂੰ ਰੋਚਕ ਗਤੀਵਿਧੀਆਂ ਰਾਹੀਂ ਆਪਣੇ ਚੋਣ ਅਧਿਕਾਰ, ਚੋਣ ਪ੍ਰਕਿਰਿਆ ਅਤੇ ਚੋਣਾਂ ਦੀ ਰਜਿਸਟ੍ਰੇਸ਼ਨ ਸਬੰਧੀ ਜਾਣੂ ਕਰਵਾਇਆ ਜਾਣਾ ਹੈ। ਇਸ ਸਬੰਧ ਵਿੱਚ ਸਕੂਲਾਂ ਵਿੱਚ **Electoral Literacy Clubs (ELCs)** ਦਾ ਗਠਨ ਕਰਨ ਲਈ ਹੇਠ ਅਨੁਸਾਰ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

**1.0** ਹਰ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਅੰਦਰ ELC ਦਾ ਗਠਨ ਕੀਤਾ ਜਾਵੇ । ਜੋ ਕਿ ਜਮਾਤ ਨੋਵੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਵਿੱਚੋਂ ਬਣਾਏ ਜਾਣੇ ਹਨ।

**1.1** ਹਾਈ ਸਕੂਲ ਵਰਗ ਵਿੱਚ ਨੋਵੀਂ ਅਤੇ ਦਸਵੀਂ ਜਮਾਤ ਦੇ ਜਦੋਂ ਕਿ ਸੀਨੀਅਰ ਸੈਕੰਡਰੀ ਵਰਗ ਵਿੱਚ ਨੋਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬਤੌਰ ਮੈਂਬਰ ਲਿਆ ਜਾਵੇ।

**1.2** ਹਰ ELC ਲਈ ਸਕੂਲ ਪੱਧਰ 'ਤੇ ਇੱਕ ਨੋਡਲ ਅਫਸਰ (ਅਧਿਆਪਕ/ਲੈਕਚਰਾਰ) ਲਾਇਆ ਜਾਵੇ।

**2.0** ਸਕੂਲ ਪੱਧਰ ਤੇ ELC ਰਾਹੀਂ ਸਲੇਬਸ ਨਾਲ ਸਬੰਧਤ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ:- ਸਕੂਲ ਪੱਧਰ ਤੇ ਭਾਰਤੀ ਚੋਣ ਪ੍ਰਣਾਲੀ, ਲੋਕਤੰਤਰ ਦੇ ਵੱਖ ਵੱਖ ਪੱਖਾਂ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ, ਚੰਗੇ ਨਾਗਰਿਕ ਬਣਨ ਅਤੇ ਰਾਜਨੀਤਿਕ ਅਧਿਕਾਰਾਂ ਸਬੰਧੀ ਲੇਖ ਲਿਖਣ, ਪੋਸਟਰ ਮੇਕਿੰਗ, ਸਲੋਗਨ ਲੇਖਨ ਮੁਕਾਬਲੇ ਆਯੋਜਿਤ ਕਰਨਾ।

**2.1** ਉਕਤ ਜਮਾਤਾਂ ਦੇ ਸਿਲੇਬਸ ਨਾਲ ਸਬੰਧਤ ਗਤੀਵਿਧੀਆਂ ਪਹਿਲ ਦੇ ਆਧਾਰ ਤੇ ਕਰਵਾਈਆਂ ਜਾਣ। ਗਤੀਵਿਧੀਆਂ ਕਰਵਾਉਣ ਲਈ ਵਿਸ਼ੇ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ | ਜਮਾਤ | ਪਾਠ | ਐਕਟੀਵਿਟੀ ਕਰਵਾਉਣ ਲਈ ਵਿਸ਼ੇ |
|---|---|---|---|
| 1 | 9 ਵੀਂ | ਲੋਕਤੰਤਰ ਅਤੇ ਚੋਣ ਰਾਜਨੀਤੀ | 1. ਚੋਣਾਂ ਦਾ ਮੱਹਤਵ<br>2. ਭਾਰਤੀ ਚੋਣ ਪ੍ਰਣਾਲੀ<br>3. ਭਾਰਤੀ ਚੋਣ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ<br>4. ਚੋਣ ਆਯੋਗ/ਚੋਣ ਕਮਿਸ਼ਨ<br>5. ਚੋਣ ਆਯੋਗ / ਕਮਿਸ਼ਨ ਦੇ ਕੰਮ<br>6. ਚੋਣ ਪ੍ਰਕਿਰਿਆ<br>7. ਚੋਣਾਂ ਦੀਆਂ ਕਿਸਮਾਂ<br>8. ਚੋਣਾਂ ਵਿੱਚ ਵਿਰੋਧੀ ਦਲਾਂ ਦੀ ਭੂਮਿਕਾ/ਕਾਰਜ |
| 2 | 10 ਵੀਂ | ਭਾਰਤੀ ਲੋਕਤੰਤਰ ਦਾ ਸਰੂਪ | 1. ਭਾਰਤੀ ਚੋਣ ਵਿਧੀ ਤੇ ਪ੍ਰਕਿਰਿਆ<br>2. ਭਾਰਤ ਵਿੱਚ ਚੋਣ ਪ੍ਰਕਿਰਿਆ – ਚੋਣ ਆਯੋਗ ਦੇ ਕੰਮ / ਬਣਤਰ<br>3. ਲੋਕ ਮਤ<br>4. ਵਿਰੋਧੀ ਦਲ ਦੀ ਭੂਮਿਕਾ |
| 3 | 12 ਵੀਂ | ਚੋਣ ਪ੍ਰਣਾਲੀ | 1. ਚੋਣਾਂ ਦੇ ਢੰਗ (ਪ੍ਰਤੱਖ ਅਤੇ ਅਪ੍ਰਤੱਖ)<br>2. ਚੋਣ ਕਮਿਸ਼ਨ<br>3.ਚੋਣ ਆਯੋਗ/ਕਮਿਸ਼ਨ ਦੇ ਕਾਰਜ: ਚੋਣ ਕਮਿਸ਼ਨ ਤੋਂ ਬਾਅਦ ਚੋਣ ਕਮਿਸ਼ਨ ਦੇ ਮੁੱਖ ਕੰਮਾਂ ਦੀ ਐਕਟੀਵਿਟੀ ਜਿਵੇਂ ਮਤਦਾਤਾ ਸੂਚੀਆਂ ਤਿਆਰ ਕਰਨਾ, ਚੋਣ ਚਿੰਨ, ਮਿਤੀਆਂ ਦੀ ਘੋਸ਼ਣਾ, ਆਦਿ।<br>4. ਚੋਣ ਪ੍ਰਕ੍ਰਿਆ ਸਬੰਧੀ ਵਿਦਿਆਰਥੀਆਂ ਨੂੰ ਮੋਕ ਪੋਲ ਕਰਵਾਈ ਜਾਵੇ। |

**3.0** SVEEP ਮਹਿੰਮ ਦੀ ਸਫਲਤਾ ਲਈ ਯੋਗਦਾਨ ਪਾਉਣ ਹਿੱਤ ਸਬੰਧਤ ਵਿਸ਼ੇ ਦੀ ਆਨਲਾਈਨ ਕਲਾਸ ਦੌਰਾਨ SVEEP ਬਾਰੇ ਕੁੱਝ ਸਮੇਂ ਲਈ ਚਰਚਾ ਕੀਤੀ ਜਾਵੇ।

**3.1** SVEEP ਸਬੰਧੀ ਕਰਵਾਏ ਜਾਣ ਵਾਲੇ ਮੁਕਾਬਲੇ, ਵਿਸ਼ਾ ਵਸਤੂ ਅਤੇ ਹੋਰ ਈਵੈਂਟ ਸਬੰਧੀ ਮੁੱਖ ਚੋਣ ਦਫ਼ਤਰ ਪੰਜਾਬ ਦੇ SVEEP ਸਲਾਹਕਾਰ ਨੂੰ ਜਾਣਕਾਰੀ ਦੇਣੀ ਹੈ ਤਾਂ ਜੋ ਮੁੱਖ ਚੋਣ ਦਫ਼ਤਰ ਪੰਜਾਬ ਦੇ ਸੋਸ਼ਲ

ਮੀਡੀਆ ਚੈਨਲਾਂ ਤੇ ਪ੍ਰਸਾਰਿਤ ਕੀਤਾ ਜਾ ਸਕੇ। ਜਾਣਕਾਰੀ ਦੇਣ ਲਈ ਸੋਸ਼ਲ ਮੀਡੀਆ ਚੈਨਲਾਂ ਦੇ ਲਿੰਕ ਹੇਠ ਲਿਖੇ ਅਨੁਸਾਰ ਹਨ:-

**Facebook: https://www.facebook.com/TheCEOPunjab/?ti=as**
**Twitter: https://twitter.com/TheCEOPunjab?s=08**
**Instagram:https://instagram.com/theceopunjab?igshid=lpxw3ilzbgfy**

ਉਪਰੋਕਤ ਨੁਕਤਿਆਂ ਸਬੰਧੀ ਸਕੂਲ ਪੱਧਰ ਤੇ ਪਹਿਲ ਦੇ ਆਧਾਰ ਤੇ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ ਜੀ।

**ਡੀ.ਪੀ.ਆਈ. (ਸੈ.ਸਿ.)**
**ਪੰਜਾਬ।**

**ਪਿੱਠ ਅੰਕਣ ਨੰ:** 6323 /202026 5195-96

**ਮਿਤੀ** 22/10/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਵਧੀਕ ਚੋਣ ਅਫਸਰ ਪੰਜਾਬ ਸੈਕਟਰ-17 ਈ. ਚੰਡੀਗੜ੍ਹ।
2. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

**ਡੀ.ਪੀ.ਆਈ. (ਸੈ.ਸਿ.)**
**ਪੰਜਾਬ।**